# ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.) ਆਰਟਸ ਪ੍ਰਕਟਿਸ ਪ੍ਰੋਗਰਾਮ ਤਹਿਤ

## *ਆਰਟਸ ਪਲੈਟਫੌਰਮਜ (ਕਲਾ ਮੰਚ)*

ਲਈ ਅਰਜ਼ੀਆਂ ਦਾ ਸੱਦਾ ਦਿੰਦਾ ਹੈ

## ਅਰਜ਼ੀਆਂ ਸਾਲ ਵਿਚ ਕਿਸੇ ਵੀ ਵੇਲ਼ੇ ਭੇਜੀਆਂ ਜਾ ਸਕਦੀਆਂ ਹਨ

ਆਰਟਸ ਪ੍ਰੈਕਟਿਸ ਪ੍ਰੋਗਰਾਮ ਅਜਿਹੇ ਪ੍ਰੌਜੈਕਟ ਅਮਲ ਵਿਚ ਲਿਆਉਣਾ ਚਾਹੁੰਦਾ ਹੈ ਜਿਹੜੇ ਕਲਾਕਾਰਾਂ ਦੇ ਮੌਜੂਦਾ ਪ੍ਰੈਕਟਿਸਜ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲ਼ੇ ਹੋ ਸਕਦੇ ਹਨ; ਜਿਨ੍ਹਾਂ ਨਾਲ਼ ਕੌਂਟੈਂਟ(ਤੱਤ), ਫਾਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਕਲਾਕਾਰ ਬਿਰਾਦਰੀਆਂ ਵਿਚ ਸਾਂਝ ਬਣਾਉਣ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

**ਆਰਟਸ ਪਲੈਟਫੌਰਮ ( ਕਲਾ ਮੰਚ ):**
ਕਦੇ ਨਾਂ ਕਦੇ ਕਲਾਕਾਰਾਂ ਨੂੰ ਵਿਚਾਰ ਸਾਂਝੇ ਕਰਨ, ਇਜ਼ਹਾਰ ਦੇ ਨਵੇਂ ਤਰੀਕੇ ਲੱਭਣ ਜਾਂ ਅਭਿਆਸ ਨੂੰ ਖ਼ੁਰਾਕ ਦੇਣ ਵਾਲੇ ਨੈਟਵਰਕ ਸਿਰਜਣ ਦੀ ਲੋੜ ਪੈ ਸਕਦੀ ਹੈ। ਇਕੱਠੇ ਹੋਣ ਦੀ ਅਜਿਹੀ ਇੱਛਾ, ਆਪਣੇ ਖੇਤਰ ਜਾਂ ਆਪਣੀ ਵਿਧਾ ਤੋਂ ਬਾਹਰ ਦੇ ਕਲਾ ਵਿਚਾਰ ਜਾਨਣ, ਲੰਬਾ ਸਮਾਂ ਇਕੱਲਿਆਂ ਅਭਿਆਸ ਕਰਨ ਦੀ ਨੀਰਸਤਾ ਤੋੜਨ ਜਾਂ ਫੇਰ ਖਾਸ ਸਿਆਸੀ ਸਮਾਜੀ ਹਾਲਾਤਾਂ ਨਾਲ਼ ਕਲਾਤਮਕ ਤੌਰ ਤੇ ਸੰਵਾਦ ਰਚਾਉਣ ਦੀ ਲੋੜ ਕਾਰਨ ਹੋਂਦ ਵਿਚ ਆਈ ਹੋ ਸਕਦੀ ਹੈ।

ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ ਅਸੀਂ ***ਆਰਟਸ ਪਲੈਟਫੌਰਮ*** ਲਈ ਪ੍ਰਸਤਾਵ ਅਰਜ਼ੀਆਂ ਦਾ ਸੱਦਾ ਦਿੰਦੇ ਹਾਂ। ਅਜਿਹੇ ਉੱਦਮ ਜਿਹੜੇ ਨੈੱਟਵਰਕ ਜਾਂ ਸਪੇਸ ਬਨਾਉਣ – ਜ਼ਮੀਨੀਂ ਜਾਂ ਹੋਰ ਤਰ੍ਹਾਂ ਦੇ – ਜਿਸ ਨਾਲ਼ ਇੱਕੋ ਵਿਧਾ ਦੇ ਜਾਂ ਹੋਰ ਵਿਧਾਵਾਂ ਦੇ ਕਲਾਕਾਰਾਂ ਵਿਚ ਸਾਂਝੀ ਜ਼ਮੀਨ ਬਣੇ ਅਤੇ ਉਹਨਾਂ ਵਿਚਲੀ ਸਾਂਝੀਵਾਲਤਾ ਵਧੇ, ਉਹਨਾਂ ਦੇ ਅਭਿਆਸਾਂ ਦੀ ਕਲਾਤਮਕਿਤਾ ਅਤੇ ਕਾਰਜਸ਼ੀਲਤਾ ਵਧੇ।

**ਪ੍ਰੌਜੈਕਟ ਦੀ ਮਿਆਦ:** 12 ਮਹੀਨੇ ਤੱਕ

**ਬਜਟ:** ਵੱਧ ਤੋਂ ਵੱਧ 3, 00, 000 ਰੁਪਏ (ਤੁਸੀਂ ਭੱਤੇ ਦੀ ਮੰਗ ਕਰ ਸਕਦੇ ਹੋ, ਜੋ ਕੇ ਪ੍ਰਸਤਾਵਿਤ ਬਜਟ ਦੇ 30% ਤੋਂ ਵੱਧ ਨਹੀਂ ਹੋਣਾ ਚਾਹੀਦਾ)

**ਕੈਲੰਡਰ:** ਪ੍ਰਸਤਾਵ ਸਾਲ ਵਿਚ ਕਦੇ ਵੀ ਭੇਜੇ ਜਾ ਸਕਦੇ ਹਨ

## ਪ੍ਰਸਤਾਵ ਕੌਣ ਭੇਜ ਸਕਦੇ ਹਨ?

ਪ੍ਰੋਗਰਾਮ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦਾ ਹੈ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ ਜੋ ਸੰਗੀਤ, ਧ੍ਵਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ ਜੋ ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ, ਚਿੱਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ ‘ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ
- ਕਵੀ, ਨਾਵਲਕਾਰ, ਨਾਟਕਕਾਰ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

## ਯੋਗਤਾ:

ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਪ੍ਰੋਜੈਕਟ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ। ਜਿਆਦਾ ਜਾਣਕਾਰੀ ਲਈ, ਇੱਥੇ ਕਲਿੱਕ ਕਰੋ

## ਪ੍ਰਸਤਾਵ ਸਬਮਿਸ਼ਨ:

ਪ੍ਰਸਤਾਵ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਰਤੀ ਬੋਲੀ ਵਿਚ ਲਿਖਿਆ ਜਾ ਸਕਦਾ ਹੈ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚਲੇ ਪ੍ਰਜੈਕਟਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ।

ਆਪਣੀਆਂ ਅਰਜ਼ੀਆਂ ਹੇਠ ਲਿਖਿਆਂ ਸਮੇਤ ਭੇਜੋ:

- ਬਤੌਰ ਕਲਾਕਾਰ ਤੁਹਾਡੀ ਹੁਣ ਤੱਕ ਦੇ ਕਲਾ ਅਭਿਆਸ ਦੇ ਵਿਸ਼ੇ ਅਤੇ ਦਿਲਚਸਪੀ
- ਜੋ ਆਰਟਸ ਪਲੈਟਫੌਰਮ ਬਨਾਉਣਾ ਚਾਹੁੰਦੇ ਹੋ ਦਾ ਵੇਰਵਾ, ਕਿਉਂ ਬਨਾਉਣਾ ਚਾਹੁੰਦੇ ਹੋ ਕਾਰਨ, ਸਾਥੀਆਂ ਸਹਿਯੋਗੀਆਂ ਦਾ ਵੇਰਵਾ, ਅਤੇ ਨੈੱਟਵਰਕ, ਸਪੇਸ, ਜਗ੍ਹਾ ਦਾ ਵੇਰਵਾ ਜਿਥੇ ਤੁਸੀਂ ਇਹ ਬਨਾਉਣਾ ਚਾਹੁੰਦੇ ਹੋ
- ਟਾਈਮਲਾਈਨ ਅਤੇ ਬਜਟ ਦਾ ਵੇਰਵਾ

- ਪਹਿਲਾਂ ਕੀਤੇ ਕੰਮਾਂ ਦੀਆਂ ਉਦਾਹਰਨਾਂ, ਜਿਹੜੀਆਂ ਅਰਜ਼ੀ ਨਾ਼ਲ ਸੰਬੰਧਿਤ ਹੋਣ
- ਤੁਹਾਡੇ ਪਤੇ, ਫ਼ੋਨ ਨੰਬਰ ਅਤੇ ਈਮੇਲ ਆਈ ਡੀ  ਸਮੇਤ ਤੁਹਾਡਾ ਸੀ ਵੀ

ਤੁਸੀਂ ਆਈ.ਐਫ਼.ਏ. ਸਟਾਫ਼ ਤੋਂ ਜਵਾਬ ਵਾਸਤੇ ਆਪਣੇ ਸਵਾਲ ਜਾਂ ਮੁੱਢਲੇ ਵਿਚਾਰ ਲਿਖਤੀ, ਆਡੀਓ ਜਾਂ ਵੀਡੀਓ ਰੂਪ ਵਿਚ ਭੇਜ ਸਕਦੇ ਹੋ। ਪਰ ਮੁਕੰਮਲ ਪ੍ਰਸਤਾਵ ਲਿਖਤੀ ਹੀ ਹੋਣੇ ਚਾਹੀਦੇ ਹਨ।

ਆਪਣੇ ਮੁਕੰਮਲ ਪ੍ਰਸਤਾਵ ਸੁਮਾਨਾ ਚੰਦਰਸ਼ੇਖਰ, ਪ੍ਰੋਗਰਾਮ ਲੀਡ, ਆਰਟਸ ਪ੍ਰੈਕਟਿਸ ਨੂੰ sumana@indiaifa.org ਤੇ ਭੇਜੋ। ਆਪਣੇ ਪ੍ਰਸਤਾਵ ਬਾਰੇ ਕਿਸੇ ਵੀ ਸਵਾਲ ਜਾਂ ਪੁੱਛਗਿਛ ਲਈ ਵੀ ਉਹਨਾਂ ਨੂੰ ਲਿਖ ਸਕਦੇ ਹੋ ।

**ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।**

**ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌ਼ਲ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾ਼ਲ ਅਤੇ ਇੱਜ਼ਤ ਹੋਵੇ। ਬਿਨੈਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇ਼ਲੇ ਇਸ ਦੀ ਪੈਰਵਾਈ ਕਰੇ।**

**ਆਰਟਸ ਪ੍ਰੈਕਟਿਸ ਪ੍ਰੋਗਰਾਮ ਸੋਨੀ ਪਿਕਚਰਜ ਐਂਟਰਟੇਨਮੈਂਟ ਫੰਡ ਦੇ ਸਹਿਯੋਗ ਨਾ਼ਲ ਚਲਾਇਆ ਜਾ ਰਿਹਾ।**